ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ:

ਡਿਪਾਰਟਮੈਂਟ ਆਫ਼ ਸਾਇੰਸ, ਟੈਕਨਾਲੋਜੀ ਅਤੇ ਇੰਨਵਾਇਰਮੈਂਟ, ਪੰਜਾਬ ਵਲੋ ਆਪਣੇ ਦਫ਼ਤਰ ਦੀ ਨੋਟੀਫਿਕੇਸ਼ਨ ਨੰ: 10/133/2016-STE(5)/1173007 ਮਿਤੀ 23.02.2018 ਰਾਹੀਂ ਲਿਖਿਆ ਗਿਆ ਹੈ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 49-ਏ ਤਹਿਤ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸ਼ਕਤੀਆ ਦੇ ਪ੍ਰਯੋਗ ਵਿੱਚ ਪਰਿਆਵਰਣ ਸੁਰੱਖਿਆ ਅਤੇ ਸੁਧਾਰ ਅਤੇ ਵਣਾਂ ਜੀਵਾਂ ਦੀ ਵਿਵਸਥਾ ਕੀਤੀ ਗਈ ਹੈ। ਜੋ ਕਿ ਰਾਜ ਪਰਿਆਵਰਣ ਦੀ ਸੁਰੱਖਿਆ ਅਤੇ ਸੁਧਾਰ ਅਤੇ ਦੇਸ਼ ਦੇ ਜੰਗਲਾਂ ਅਤੇ ਵਣ ਜੀਵਾਂ ਦੀ ਰਾਖੀ ਲਈ ਕੋਸ਼ਿਸ਼ ਕਰੇਗਾ। ਜਦੋਂ ਕਿ ਪੰਤਗਾਂ ਦੀ ਵਰਤੋਂ ਦੌਰਾਨ ਪਲਾਸਟਿਕ, ਨਾਈਲੋਨ ਜਾਂ ਸਿੰਥੈਟਿਕ ਪਦਾਰਥਾਂ ਤੋਂ ਬਣੀਆਂ ਡੋਰਾਂ ਦੀ ਵਰਤੋਂ ਕਰਨ ਤੇ ਲੋਕਾਂ ਅਤੇ ਪੰਛੀਆਂ ਦੇ ਸੱਟ ਲੱਗ ਜਾਂਦੀ ਹੈ। ਇਸ ਡੋਰ ਵਿੱਚ ਪ੍ਰਸਿੱਧ ਚੀਨੀ ਥਰੈਡ/ਡੋਰ (ਮਾਂਜਾ) ਜਾਂ ਹੋਰ ਥਰੈਡ ਸ਼ਾਮਿਲ ਹਨ, ਜੋ ਸ਼ੀਸ਼ੇ ਜਾਂ ਧਾਤ ਨਾਲ ਤਿਆਰ ਕੀਤੇ ਹੋਏ, ਦੀ ਵਰਤੋਂ ਜਾਨਲੇਵਾ ਹੋ ਸਕਦੀ ਹੈ ਜਾਂ ਪੰਛੀਆਂ ਤੇ ਜਖਮੀ ਹੋ ਕੇ ਜ਼ਮੀਨ ਤੇ ਡਿਗ ਪੈਂਦੇ ਹਨ। ਜਦ ਕਿ ਪੰਛੀਆ ਦੀ ਰਾਖੀ ਕਰਨਾ ਉਚਿਤ ਹੈ, ਜੋ ਦਿਨ-ਬ-ਦਿਨ ਵਿਲੁਪਤ ਹੋ ਰਹੇ ਹਨ। ਇਨ੍ਹਾਂ ਨੂੰ ਘਾਤਕ ਪਤੰਗਾਂ ਦੀ ਥਰੈਡ ਤੇ ਬਚਾਉਣ ਦੀ ਜ਼ਰੂਰਤ ਹੈ।

ਇਸ ਲਈ, ਪੰਜਾਬ ਸਰਕਾਰ ਵਾਤਾਵਰਣ (ਸੁਰੱਖਿਆ) ਨਿਯਮ 1986 ਦੇ ਨਿਯਮ 5 ਦੇ ਉਪ-ਨਿਯਮ (3) ਦੇ ਸਬ ਰੂਲ (1986 ਦੇ 29) 1986 ਦੇ ਨਾਲ ਵਾਤਾਵਰਣ (ਸੁਰੱਖਿਆ ਐਕਟ, 1986 ਦੀ ਧਾਰਾ 5 ਤਹਿਤ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਦੁਆਰਾ 11 ਜੁਲਾਈ 2017 ਨੂੰ ਪ੍ਰਿੰਸੀਪਲ ਬੈਂਚ ਨੇ ਅਸਲ ਬਿਨੈ-ਪੱਤਰ ਵਿੱਚ ਪੇਸ਼ ਕੀਤੀ ਅਰਜੀ 384 ਆਫ਼ 2016 ਅਤੇ ਅਸਲ ਅਰਜੀ ਨੰ: 442 ਆਫ਼ 2016 ਤਹਿਤ ਨਾਈਲੋਨ, ਪਲਾਸਟਿਕ ਜਾਂ ਕਿਸੇ ਹੋਰ ਸਿੰਥੈਟਿਕ ਸਮੱਗਰੀ ਜਿਸ ਵਿੱਚ ਪ੍ਰਸਿੱਧ ਚਾਈਨਾ ਡੋਰ/ਮਾਂਜਾਂ ਵੀ ਸ਼ਾਮਲ ਹੈ, ਤੋਂ ਬਣੀ ਹੋਈ ਪਤੰਗ ਉਡਾਨ ਦੀ ਥਰੈਡ (ਡੋਰ) ਦੇ ਨਿਰਮਾਣ, ਵਿਕਰੀ, ਸੋਟਰ, ਖਰੀਦ, ਸਪਲਾਈ, ਅਯਾਤ ਅਤੇ ਵਰਤੋਂ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਹੈ।

ਇਸ ਲਈ ਮੈਂ, ਸੰਯਮ ਅਗਰਵਾਲ, ਆਈ.ਏ.ਐਸ., ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ, ਫੌਜਦਾਰੀ ਸੰਘਤਾ 1973 ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਇਆ ਜਿਲ੍ਹਾ ਪਠਾਨਕੋਟ ਦੀਆਂ ਸੀਮਾਂਵਾਂ ਅੰਦਰ ਨਾਈਲੋਨ, ਪਲਾਸਟਿਕ ਜਾਂ ਹੋਰ ਥਰੈਡ ਜੋ ਸ਼ੀਸ਼ੇ ਜਾਂ ਧਾਤ ਨਾਲ ਤਿਆਰ ਕੀਤੇ ਜਾਂ ਸਿੰਥੈਟਿਕ ਸਮੱਗਰੀ ਜਿਸ ਵਿੱਚ ਪ੍ਰਸਿੱਧ ਚਾਈਨਾ ਡੋਰ/ਮਾਂਜਾਂ ਵੀ ਸ਼ਾਮਲ ਹੈ, ਤੇ ਬਣੀ ਹੋਈ ਪਤੰਗ ਉਡਾਨ ਦੀ ਥਰੈਡ (ਡੋਰ) ਦੇ ਨਿਰਮਾਣ, ਵਿਕਰੀ, ਸੋਟਰ, ਖਰੀਦ, ਸਪਲਾਈ, ਅਯਾਤ ਅਤੇ ਵਰਤੋਂ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਂਦੀ ਹਾਂ।

ਮੌਜੂਦਾ ਹਾਲਤ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ। ਇਹ ਹੁਕਮ ਦਾ ਪ੍ਰਚਾਰ ਲੋਕ ਸੰਪਰਕ ਅਫਸਰ ਪਠਾਨਕੋਟ ਦੁਆਰਾ ਪ੍ਰਿੰਟ/ਇਲੈਕਟ੍ਰਾਨਿਕ ਮੀਡੀਆਂ ਰਾਹੀ ਕਰਵਾਇਆ ਜਾਵੇਗਾ। ਇਸ ਤੋ ਇਲਾਵਾ ਆਮ ਜਨਤਾ ਦੇ ਪ੍ਰਚਾਰ ਲਈ ਜ਼ਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਵਾਤਾਵਰਣ ਇੰਜੀਨੀਅਰ, ਕਾਰਜ ਸਾਧਕ ਅਫ਼ਸਰਾਂ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਕੀਤੀਆ ਜਾਣਗੀਆਂ।

ਇਹ ਹੁਕਮ ਅੱਜ ਮਿਤੀ: 16.12.2020 ਤੋਂ 31.03.2021 ਤੱਕ ਲਾਗੂ ਰਹਿਣਗੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ ......2020 ਨੂੰ ਜਾਰੀ ਹੋਇਆ।

DISTRICT MAGISTRATE PATHANKOT

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ:ਐਮ.ਏ./ 12064-93 ਮਿਤੀ: 21/12/2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਡਿਪਾਰਟਮੈਂਟ ਆਫ਼ ਸਾਇੰਸ, ਟੈਕਨਾਲੋਜੀ ਅਤੇ ਇੰਨਵਾਇਰਮੈਂਟ, ਪੰਜਾਬ ਜੀ ਦੇ ਦਫ਼ਤਰਦੀ ਨੋਟੀਫਿਕੇਸ਼ਨ ਨੰ: 10/133/2016-STE(5)/113007 ਮਿਤੀ 23.02.2018 ਦੇ ਸਬੰਧ ਵਿੱਚ।
3. ਮਾਨਯੋਗ ਅਧੀਨ ਸਕੱਤਰ, ਪੰਜਾਬ ਸਰਕਾਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਚੰਡੀਗੜ੍ਹ ਜੀ ਦੇ ਮੀਮੋ ਨੰ:5/57/14-3ਗ4/ 391068/1 ਮਿਤੀ 14.01.2015 ਦੇ ਹਵਾਲੇ ਵਿੱਚ।
4. ਮਾਨਯੋਗ ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
5. ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਫਰੀਦਕੋਟ ਹਾਊਸ, ਕੋਪਰਨਿਕਸ ਮਾਰਗ, ਨਵੀਂ ਦਿੱਲੀ-110001
6. ਮਾਨਯੋਗ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
7. ਸਮੂਹ ਜ਼ਿਲ੍ਹਾ ਮੈਜਿਸਟਰੇਟ, ਪੰਜਾਬ ਰਾਜ।
8. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
9. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
10. ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰ ਕਲ੍ਹਾਂ।
11. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
12. ਜ਼ਿਲ੍ਹਾ ਮਾਲ ਅਫ਼ਸਰ/ਤਹਿਸੀਲਦਾਰ, ਪਠਾਨਕੋਟ/ਧਾਰ ਕਲ੍ਹਾਂ।
13. ਵਾਤਾਵਰਣ ਇੰਜੀਨਿਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ/ਬਟਾਲਾ।
14. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ./ਐ.ਸਿੱ.), ਪਠਾਨਕੋਟ।
15. ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਪਠਾਨਕੋਟ।
16. ਉਪ ਪੁਲਿਸ ਕਪਤਾਨ, ਗੁਪਤ ਵਿਭਾਗ, ਪਠਾਨਕੋਟ।
17. ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਪਠਾਨਕੋਟ/ਬਮਿਆਲ/ਧਾਰਕਲ੍ਹਾਂ/ਨਰੋਟ ਜੈਮਲ ਸਿੰਘ/ਸੁਜਾਨਪੁਰ/ਘਰੋਟਾ।
18. ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਸੁਜਾਨਪੁਰ।
19. ਕਾਰਜ ਸਾਧਕ ਅਫ਼ਸਰ, ਨਗਰ ਸੁਧਾਰ ਟ੍ਰਸਟ, ਪਠਾਨਕੋਟ।
20. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
21. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE PATHANKOT

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।